# ਰਿਹਾਇਸ਼ਾਂ ਸਾਡਾ ਭਵਿੱਖ
## 2024 ਔਫਿਸ਼ਲ ਕਮਿਊਨਟੀ ਪਲੈਨ ਅਪਡੇਟ

ਬੀ ਸੀ ਦੀ ਸਰਕਾਰ ਨੇ ਸੂਬੇ ਭਰ ਵਿਚ ਸ਼ਹਿਰਾਂ ਨੂੰ ਘਰਾਂ ਵਿਚ ਵਾਧੇ ਨੂੰ ਤੇਜ਼ ਕਰਨ ਲਈ ਆਪਣੀਆਂ ਔਫਿਸ਼ਲ ਕਮਿਊਨਟੀ ਪਲੈਨਾਂ ਨੂੰ ਅਪਡੇਟ ਕਰਨ ਦਾ ਆਰਡਰ ਕੀਤਾ ਹੈ। ਕਮਿਊਨਟੀ ਨੂੰ ਸਿਟੀ ਦੇ ਸ਼ਮੂਲੀਅਤ ਦੇ ਕਾਰਜ ਰਾਹੀਂ ਇਸ ਕੰਮ ਬਾਰੇ ਅਤੇ ਇਸ ਦਾ ਡੈਲਟਾ ਦੇ ਆਂਢ-ਗੁਆਂਢ ਲਈ ਕੀ ਅਰਥ ਹੋਵੇਗਾ ਬਾਰੇ ਜ਼ਿਆਦਾ ਜਾਣਨ, ਅਤੇ ਓ ਸੀ ਪੀ ਦੀ ਅਪਡੇਟ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਮੌਕਾ ਮਿਲੇਗਾ। ਸਿਟੀ ਨੇ ਇਹ ਤੱਥ ਸ਼ੀਟ ਵਸਨੀਕਾਂ ਨੂੰ ਉਹ ਜਾਣਕਾਰੀ ਦੇਣ ਲਈ ਤਿਆਰ ਕੀਤੀ ਹੈ ਜਿਸ ਦੀ ਉਨ੍ਹਾਂ ਨੂੰ ਅਸਰਦਾਰ ਤਰੀਕੇ ਨਾਲ ਹਿੱਸਾ ਲੈਣ ਲਈ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਅਤੇ ਇਸ ਕੰਮ ਬਾਰੇ ਜਾਣਦੇ ਰਹਿਣ ਲਈ ***letstalk.delta.ca/HousingOurFuture*** ’ਤੇ ਜਾਉ।

**ਡੈਲਟਾ ਦੀ ਆਬਾਦੀ, 2001 - 2051**




### ਡੈਲਟਾ ਵਧ ਰਿਹਾ ਹੈ

ਸੂਬੇ ਦਾ ਅਨੁਮਾਨ ਹੈ ਕਿ ਡੈਲਟਾ ਦੀ ਆਬਾਦੀ ਅਗਲੇ 20 ਸਾਲਾਂ ਵਿਚ 31,000 ਹੋਰ ਲੋਕਾਂ ਤੱਕ ਵਧ ਜਾਵੇਗੀ। ਇਹ ਅੱਜ ਦੀ 112,00 ਦੀ ਆਬਾਦੀ ਵਿਚ ਤਕਰੀਬਨ 28% ਵਾਧਾ ਹੈ।

**ਕੀ ਤੁਹਾਨੂੰ ਪਤਾ ਹੈ?** ਡੈਲਟਾ ਦੇ ਇਤਿਹਾਸ ਵਿਚ ਆਬਾਦੀ ਦਾ ਸਭ ਤੋਂ ਤੇਜ਼ੀ ਨਾਲ ਵਾਧਾ 1971 ਵਿਚ ਹੋਇਆ ਸੀ ਜਦੋਂ ਆਬਾਦੀ 214% ਵਧ ਗਈ ਸੀ।

### ਰਿਹਾਇਸ਼ਾਂ ਵਾਧੇ ਦੀ ਰਫਤਾਰ ਨਾਲ ਨਹੀਂ ਵਧ ਰਹੀਆਂ

ਅਗਲੇ 20 ਸਾਲਾਂ ਦੌਰਾਨ ਡੈਲਟਾ ਨੂੰ ਹੋਰ **14,000** ਘਰਾਂ ਦੀ ਲੋੜ ਹੈ ਅਤੇ ਡਿਵੈਲਪਮੈਂਟ ਦੀ ਦਰ ਆਬਾਦੀ ਮੁਤਾਬਕ ਤੇਜ਼ ਨਹੀਂ ਹੈ। ਡਿਵੈਲਪਮੈਂਟ ਨੂੰ ਤੇਜ਼ ਕਰਨ ਲਈ ਅਤੇ ਘਰਾਂ ਦੀ ਮੰਗ ਪੂਰੀ ਕਰਨ ਲਈ ਸਿਟੀ "ਦਫਤਰੀ ਖਾਨਾਪੂਰਤੀ" ਨੂੰ ਘਟਾ ਰਿਹਾ ਹੈ, ਬੁਨਿਆਦੀ ਢਾਂਚੇ ਵਿਚ ਪੂੰਜੀ-ਨਿਵੇਸ਼ ਕਰ ਰਿਹਾ ਹੈ ਅਤੇ ਪੁਰਾਣੇ ਬਾਈਲਾਅਜ਼ ਅਤੇ ਪਲੈਨਾਂ ਅਪਡੇਟ ਕਰ ਰਿਹਾ ਹੈ।

**ਘਰਾਂ ਦੀ ਸਪਲਾਈ ਵਿਚ ਅੰਦਾਜ਼ਨ ਕਮੀ**




### ਸੂਬੇ ਨੇ ਡੈਲਟਾ ਨੂੰ ਰਿਹਾਇਸ਼ਾਂ ਦੇ ਟੀਚੇ ਦਾ ਆਰਡਰ ਜਾਰੀ ਕੀਤਾ ਹੈ

**ਰਿਹਾਇਸ਼ਾਂ ਦੇ ਨਵੇਂ ਟੀਚੇ**

** ਨੇੜਲੇ 100 ਤੱਕ ਮੋਟਾ ਅੰਦਾਜ਼ਾ*




ਸੂਬੇ ਭਰ ਵਿਚਲੇ ਬਹੁਤ ਸਾਰੇ ਸ਼ਹਿਰ ਆਪਣੇ ਇਲਾਕਿਆਂ ਵਿਚ ਰਿਹਾਇਸ਼ਾਂ ਦੀ ਲੋੜ ਪੂਰੀ ਕਰਨ ਦੇ ਯੋਗ ਨਹੀਂ ਰਹੇ ਹਨ। ਇਸ ਸਮੱਸਿਆ ਦਾ ਹੱਲ ਕਰਨ ਲਈ ਸੂਬੇ ਨੇ ਹਾਊਸਿੰਗ ਸਪਲਾਈ ਐਕਟ ਬਣਾਇਆ ਅਤੇ 23 ਸਤੰਬਰ, 2023 ਨੂੰ ਡੈਲਟਾ ਸਿਟੀ ਉਨ੍ਹਾਂ 10 ਸ਼ਹਿਰਾਂ ਵਿੱਚੋਂ ਇਕ ਸੀ ਜਿਸ ਨੂੰ ਰਿਹਾਇਸ਼ਾਂ ਵਧਾਉਣ ਲਈ ਮਨਿਸਟਰ ਦਾ ਹਾਊਸਿੰਗ ਟਾਰਗਿਟ ਆਰਡਰ ਮਿਲਿਆ ਸੀ।

ਮਨਿਸਟਰ ਦਾ ਆਰਡਰ ਡੈਲਟਾ ਤੋਂ ਨਵੇਂ **3,607** ਰਿਹਾਇਸ਼ੀ ਯੂਨਿਟਾਂ ਦਾ ਪੰਜ-ਸਾਲਾ ਟੀਚਾ ਪੂਰਾ ਕਰਨ ਦੀ ਮੰਗ ਕਰਦਾ ਹੈ, ਜਿਸ ਬਾਰੇ ਸੂਬੇ ਨੇ ਨੋਟ ਕੀਤਾ ਹੈ ਕਿ ਇਹ ਡੈਲਟਾ ਸਿਟੀ ਲਈ ਸੂਬੇ ਦੀਆਂ ਕੁੱਲ ਰਿਹਾਇਸ਼ੀ ਲੋੜਾਂ ਦੇ 75% ਦਾ ਅਕਸ ਦਿਖਾਉਂਦਾ ਹੈ। **Ministerial Order 279/2023 (*gov.bc.ca*)** ਦੇਖੋ।

*ਡੈਲਟਾ ਦੀ ਪਲੈਨ ਬਾਰੇ ਅਗਲੇ ਸਫੇ ’ਤੇ ਜ਼ਿਆਦਾ ਜਾਣੋ।*

## ਡੈਲਟਾ ਦੇ ਆਂਢ-ਗੁਆਂਢਾਂ ਲਈ ਤਬਦੀਲੀਆਂ ਆ ਰਹੀਆਂ ਹਨ

ਸੂਬੇ ਦੇ ਰਿਹਾਇਸ਼ਾਂ ਦੇ ਟੀਚੇ ਦੇ ਆਰਡਰ ਅਤੇ ਓ ਸੀ ਪੀ ਵਿਚ ਤਬਦੀਲੀ ਦੇ ਨਤੀਜੇ ਵਜੋਂ ਵਸਨੀਕ ਡੈਲਟਾ ਦੇ ਆਂਢ-ਗੁਆਂਢ ਵਿਚ ਤਬਦੀਲੀਆਂ ਦੇਖਣਗੇ। ਤਬਦੀਲੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਅਤੇ ਸੂਬੇ ਦੇ ਆਦੇਸ਼ ਦੀਆਂ ਬੰਦਸ਼ਾਂ ਦੇ ਅੰਦਰ ਰਹਿ ਕੇ ਵਸਨੀਕਾਂ ਦੇ ਵਿਚਾਰ ਮੰਗਣ ਦਾ ਸੱਦਾ ਦੇਣ ਲਈ ਸਿਟੀ ਇਕ ਬਹੁ-ਪੜਾਵੀ ਕਾਰਜ ਦੀ ਵਿਉਂਤ ਬਣਾ ਰਿਹਾ ਹੈ।

**ਪੜਾ 1**
ਗਿਆਨ ਵਧਾਉਣਾ ਅਤੇ ਸਮਝ ਬਣਾਉਣਾ
*ਫਰਵਰੀ*

**ਪੜਾ 2**
ਦਿਸ਼ਾ ’ਤੇ ਵਿਚਾਰ ਕਰਨਾ ਅਤੇ ਲੋਕਾਂ ਦੀ ਰਾਇ ਲੈਣਾ
*ਮਾਰਚ*

**ਪੜਾ 3**
ਖਰੜੇ ਦੀ ਤਸਦੀਕ ਕਰਨਾ, ਲੋਕ ਸੁਣਵਾਈ
*ਅਪਰੈਲ*

**ਪੜਾ 4**
ਕਾਨੂੰਨੀ ਪੜਚੋਲਾਂ ਅਤੇ ਅਪਣਾਉਣਾ
*ਮਈ*

## ਕਮਿਊਨਟੀ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ

ਮਾਰਚ ਵਿਚ, ਓ ਸੀ ਪੀ ਵਿਚ ਤਬਦੀਲੀਆਂ ਕਮਿਊਨਟੀ ਨਾਲ ਵਿਚਾਰ-ਵਟਾਂਦਰੇ ਲਈ ਪੇਸ਼ ਕੀਤੀਆਂ ਜਾਣਗੀਆਂ। ਜਾਣਕਾਰੀ ਸਾਂਝੀ ਕਰਨ ਲਈ ਅਤੇ ਰਾਇ ਲੈਣ ਲਈ ਓਪਨ ਹਾਊਸਾਂ, ਜਾਣਕਾਰੀ ਦੇਣ ਵਾਲੇ ਔਨਲਾਈਨ ਸੈਸ਼ਨਾਂ, ਅਤੇ ਦਿਲਚਸਪੀ ਰੱਖਣ ਵਾਲੇ ਗਰੁੱਪਾਂ ਨਾਲ ਮੀਟਿੰਗਾਂ ਦੀ ਲੜੀ ਦੀ ਵਿਉਂਤ ਬਣਾਈ ਜਾ ਰਹੀ ਹੈ।

ਸ਼ਾਮਲ ਹੋਣ ਦੇ ਮੌਕਿਆਂ ਬਾਰੇ ਹੋਰ ਵੇਰਵੇ ਅਗਲੇ ਕੁਝ ਹਫਤਿਆਂ ਵਿਚ ਦਿੱਤੇ ਜਾਣਗੇ। ਮੁੱਖ ਤਾਰੀਕਾਂ ਹੇਠਾਂ ਦਿੱਤੀਆਂ ਗਈਆਂ ਹਨ। ਤਿਆਰ ਹੋਣ ਲਈ, ਸਾਮੱਗਰੀ ਤੱਕ ਪਹੁੰਚ ਕਰਨ ਅਤੇ ਅਪਡੇਟਸ ਸਿੱਧੇ ਲੈਣ ਵਾਸਤੇ ਰਜਿਸਟਰ ਹੋਣ ਲਈ ਅਸੀਂ ਵਸਨੀਕਾਂ ਨੂੰ ***letstalk.delta.ca*** ’ਤੇ ਜਾਣ ਦਾ ਸੱਦਾ ਦਿੰਦੇ ਹਾਂ।

### ਪੜਾ 2 ਦੀਆਂ ਮੁੱਖ ਤਾਰੀਕਾਂ

- **ਫਰਵਰੀ 29** ਵਿਚਾਰਨ ਲਈ ਸਾਮੱਗਰੀ ਉਪਲਬਧ ਹੈ
- **ਮਾਰਚ 5** ਔਨਲਾਈਨ ਜਾਣਕਾਰੀ ਸੈਸ਼ਨ * – ਸ਼ਾਮ ਦੇ 6 ਵਜੇ ਤੋਂ 7:30 ਵਜੇ ਤੱਕ
- **ਮਾਰਚ 6** ਓਪਨ ਹਾਊਸ – ਸ਼ਾਮ ਦੇ 6 ਵਜੇ ਤੋਂ 8 ਵਜੇ ਤੱਕ ਨੌਰਥ ਡੈਲਟਾ ਰੈਕ ਸੈਂਟਰ ਦੇ ਜਿਮ ਵਿਚ
- **ਮਾਰਚ 7** ਓਪਨ ਹਾਊਸ – ਸ਼ਾਮ ਦੇ 6 ਵਜੇ ਤੋਂ 8 ਵਜੇ ਤੱਕ ਸਾਊਥ ਡੈਲਟਾ ਰੈਕ ਸੈਂਟਰ ਦੇ ਮੇਨ ਹਾਲ ਵਿਚ
- **ਮਾਰਚ 9** ਓਪਨ ਹਾਊਸ – ਸਵੇਰ ਦੇ 10 ਵਜੇ ਤੋਂ 12 ਵਜੇ ਤੱਕ ਲੈਡਨਰ ਕਮਿਊਨਟੀ ਸੈਂਟਰ ਔਡੀਟੋਰੀਅਮ ਵਿਚ
- **ਮਾਰਚ 12** ਪੰਜਾਬੀ ਵਿਚ ਔਨਲਾਈਨ ਜਾਣਕਾਰੀ ਸੈਸ਼ਨ * – ਸ਼ਾਮ ਦੇ 6 ਵਜੇ ਤੋਂ 7:30 ਵਜੇ ਤੱਕ
- **ਮਾਰਚ 14** ਓਪਨ ਹਾਊਸ – ਸ਼ਾਮ ਦੇ 6 ਵਜੇ ਤੋਂ 8 ਵਜੇ ਤੱਕ ਨੌਰਥ ਡੈਲਟਾ ਸੈਂਟਰ ਫਾਰ ਦਿ ਆਰਟਸ ਵਿਚ

**letstalk.delta.ca/HousingOurFuture* ’ਤੇ ਰਜਿਸਟਰੇਸ਼ਨ ਕਰਨ ਦੀ ਲੋੜ ਹੈ*

## ਛੋਟੇ ਪੱਧਰ ਦੀਆਂ ਹੋਰ ਛੋਟੀਆਂ ਰਿਹਾਇਸ਼ਾਂ ਛੇਤੀ ਆ ਰਹੀਆਂ ਹਨ

ਸੂਬੇ ਨੇ ਥੋੜ੍ਹੇ ਸਮੇਂ ਵਿਚ ਛੋਟੇ ਪੱਧਰ ਦੀਆਂ, ਮਲਟੀ-ਯੂਨਿਟ ਵਾਲੀਆਂ ਜ਼ਿਆਦਾ ਰਿਹਾਇਸ਼ਾਂ ਬਣਾਉਣ ਨੂੰ ਉਤਸ਼ਾਹ ਦੇਣ ਲਈ ਕਈ ਤਬਦੀਲੀਆਂ ਕੀਤੀਆਂ ਹਨ।

- ਸਾਰੇ ਸਿੰਗਲ-ਡੀਟੈਚਡ ਰੈਜ਼ੀਡੈਂਸ਼ਲ ਜ਼ੋਨਾਂ ਵਿਚ ਸੈਕੰਡਰੀ ਸੂਈਟਸ, ਅਕਸੈਸਰੀ ਡਵੈਲਿੰਗ ਯੂਨਿਟਸ ਅਤੇ ਕੋਚ ਹੋਮਜ਼ ਦੀ ਆਗਿਆ ਦੇਣਾ
- ਸਿੰਗਲ-ਡੀਟੈਚਡ ਲੌਟਾਂ ਉੱਪਰ ਚਾਰ ਯੂਨਿਟਾਂ ਤੱਕ ਯੂਨਿਟਾਂ ਦੀ ਆਗਿਆ ਦੇ ਕੇ ਯੂਨਿਟਾਂ ਦੀ ਗਿਣਤੀ ਵਧਾਉਣਾ
- ਓ ਸੀ ਪੀ ਨਾਲ ਮੇਲ ਖਾਣ ਵਾਲੀਆਂ ਰੀਜ਼ੋਨਿੰਗ ਦੀਆਂ ਐਪਲੀਕੇਸ਼ਨਾਂ ਲਈ ਪਬਲਿਕ ਹੀਅਰਿੰਗਜ਼ ਨੂੰ ਖਤਮ ਕਰਨਾ

ਰਿਹਾਇਸ਼ਾਂ ਬਾਰੇ ਸੂਬੇ ਦੇ ਆਦੇਸ਼ਾਂ ਬਾਰੇ ਜ਼ਿਆਦਾ ਜਾਣਕਾਰੀ ***strongerbc.gov.bc.ca/housing*** ’ਤੇ ਦੇਖੀ ਜਾ ਸਕਦੀ ਹੈ।

## ਅਸੀਂ ਕਿਵੇਂ ਵਧਣਾ ਹੈ ਲਈ ਇਕ ਪਲੈਨ

ਸੂਬੇ ਦੀਆਂ ਮੰਗਾਂ ਨੂੰ ਸ਼ਾਮਲ ਕਰਨ ਲਈ ਅਤੇ ਅਗਲੇ 20 ਸਾਲਾਂ ਦੌਰਾਨ ਰਿਹਾਇਸ਼ਾਂ ਵਿਚ ਵਾਧੇ ਨੂੰ ਤੇਜ਼ ਕਰਨ ਲਈ ਸ਼ਹਿਰਾਂ ਤੋਂ ਆਪਣੀਆਂ ਔਫਿਸ਼ਲ ਕਮਿਊਨਟੀ ਪਲੈਨਾਂ ਨੂੰ ਅਪਡੇਟ ਕਰਨ ਦੀ ਮੰਗ ਕੀਤੀ ਗਈ ਹੈ। ਇਹ ਪਲੈਨਾਂ ਕਿਸੇ ਇਲਾਕੇ ਦੇ ਲੰਮੇ ਸਮੇਂ ਦੇ ਵਿਜ਼ਨ ਬਾਰੇ ਦੱਸਦੀਆਂ ਹਨ ਅਤੇ ਇਹ ਮਿਊਂਨਿਸਪਲ ਪਲੈਨਿੰਗ ਅਤੇ ਲੈਂਡ ਯੂਜ਼ ਦੇ ਪ੍ਰਬੰਧ ਬਾਰੇ ਫੈਸਲਿਆਂ ਨੂੰ ਸੇਧ ਦਿੰਦੀਆਂ ਹਨ। ਇਨ੍ਹਾਂ ਵਿਚ ਨਕਸ਼ੇ ਸ਼ਾਮਲ ਹੁੰਦੇ ਹਨ ਜਿਹੜੇ ਇਹ ਪਛਾਣ ਕਰਦੇ ਹਨ ਕਿ ਸਿਟੀ ਦੀ ਜ਼ਮੀਨ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ ਅਤੇ ਇਹ ਕਿੱਥੇ ਵਧੇਗਾ।

ਡੈਲਟਾ ਨੇ 1985 ਤੋਂ ਬਾਅਦ ਆਪਣੀ ਓ ਸੀ ਪੀ ਨੂੰ ਇਕਸਾਰ ਅਪਡੇਟ ਨਹੀਂ ਕੀਤਾ ਹੈ। ਇਸ ਵੇਲੇ ਲਾਈਨ ਵਿਚ 30 ਐਪਲੀਕੇਸ਼ਨਾਂ ਹਨ ਜਿਹੜੀਆਂ ਡੈਲਟਾ ਦੀ ਓ ਸੀ ਪੀ ਵਿਚ ਸੋਧਾਂ ਮੰਗ ਰਹੀਆਂ ਹਨ।

## ਰਿਹਾਇਸ਼ਾਂ ’ਤੇ ਕੇਂਦਰਿਤ ਓ ਸੀ ਪੀ ਅਪਡੇਟ

ਲੋੜੀਂਦੀ ਓ ਸੀ ਪੀ ’ਤੇ ਕੰਮ ਹੋ ਰਿਹਾ ਹੈ। ਇਹ ਅਪਡੇਟ ਰਿਹਾਇਸ਼ਾਂ ਉੱਪਰ ਅਤੇ ਉਨ੍ਹਾਂ ਤਬਦੀਲੀਆਂ ਉੱਪਰ ਕੇਂਦਰਿਤ ਹੋਵੇਗੀ ਜਿਨ੍ਹਾਂ ਦੀ ਸੂਬੇ ਦੇ ਆਰਡਰ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਲੋੜ ਹੈ। ਰਿਹਾਇਸ਼ਾਂ ਦੇ ਵਾਧੇ ਵਿਚ ਮਦਦ ਕਰਨ ਲਈ, ਸਿਟੀ ਜ਼ਮੀਨ ਦੀ ਵਰਤੋਂ ਨੂੰ ਸਰਲ ਬਣਾਉਣ, ਯੂਨਿਟਾਂ ਦੀਆਂ ਕਿਸਮਾਂ ਦਾ ਦਾਇਰਾ ਵਧਾਉਣ, ਫਲੋਰ ਸਪੇਸ ਅਲਾਊਂਸਿਜ਼ ਵਿਚ ਵਾਧਾ ਕਰਨ, ਪਾਰਕਿੰਗ ਦੀਆਂ ਸ਼ਰਤਾਂ ਘਟਾਉਣ, ਅਤੇ ਸ਼ਹਿਰੀ ਕੇਂਦਰਾਂ ਵਿਚ ਅਤੇ ਟ੍ਰਾਂਜ਼ਿਟ ਲਾਂਘਿਆਂ ਦੇ ਨਾਲ ਨਾਲ ਜ਼ਿਆਦਾ ਉਚਾਈ ਦੀ ਆਗਿਆ ਦੇਣ ਬਾਰੇ ਵੀ ਵਿਚਾਰ ਕਰੇਗਾ।

ਸਿਟੀ ਇਹ ਫੈਸਲਾ ਕਰਨ ਲਈ ਓ ਸੀ ਪੀ ਦੇ ਹੋਰ ਹਿੱਸਿਆਂ ਦੀ ਪੜਚੋਲ ਵੀ ਕਰੇਗਾ ਕਿ ਕੀ ਭਵਿੱਖ ਵਿਚ ਹੋਰ ਕੰਮ ਕਰਨ ਦੀ ਲੋੜ ਹੈ। ਜਿਨ੍ਹਾਂ ਹੋਰ ਹਿੱਸਿਆਂ ਦੀ ਪੜਚੋਲ ਕੀਤੀ ਜਾਵੇਗੀ, ਉਨ੍ਹਾਂ ਵਿਚ ਸ਼ਾਮਲ ਹਨ:

- ਟ੍ਰਾਂਸਪੋਰਟੇਸ਼ਨ
- ਕਮਰਸ਼ੀਅਲ ਲੈਂਡ ਯੂਜ਼
- ਇੰਡਸਟਰੀਅਲ ਲੈਂਡ ਯੂਜ਼
- ਕਮਿਊਨਟੀ ਸੇਵਾਵਾਂ
- ਕੁਦਰਤੀ ਵਾਤਾਵਰਣ
- ਜਲਵਾਯੂ ਵਿਚ ਤਬਦੀਲੀ
- ਖੇਤੀਬਾੜੀ
- ਯੂਟਿਲਟੀਜ਼ ਅਤੇ ਬੁਨਿਆਦੀ ਢਾਂਚਾ
- ਪਾਰਕ, ਮਨੋਰੰਜਨ ਅਤੇ ਸਭਿਆਚਾਰ
- ਸ਼ਮੂਲੀਅਤ ਕਰਨ ਵਾਲੀ ਅਤੇ ਭਰਪੂਰ ਕਮਿਊਨਟੀ

ਜ਼ਿਆਦਾ ਜਾਣਕਾਰੀ ਅਤੇ ਹਿੱਸਾ ਲੈਣ ਲਈ ***letstalk.delta.ca/HousingOurFuture*** ’ਤੇ ਜਾਉ।
ਸਾਡੇ ਨਾਲ 604-946-3380 ’ਤੇ ਸੰਪਰਕ ਕਰੋ ਜਾਂ **DeltaOCPUpdate@delta.ca** ’ਤੇ ਈਮੇਲ ਕਰੋ।

Delta